# ਇੱਕ ਪਰਵਾਰਿਕ ਅਰਾਧਨਾ, ਯੀਸ਼ੂ ਉਨ੍ਹਾਂ ਦੇ ਘਰਾਂ ਵਿੱਚ।

ਬੱਚਿਆਂ ਦੀਆਂ ਸਿੱਖਣ ਵਾਲੀਆ ਗਤੀਵਿਧੀਆਂ ਕੋਈ ਵੀ ਚੁਣ ਲਉ।

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਬੇਨਤੀ ਕਰਕੇ ਵਿਸ਼ਵਾਸੀਆਂ ਦੀ ਮੱਦਦ ਕਰੋ, ਉਨ੍ਹਾਂ ਦੇ ਘਰਾਂ ਵਿੱਚ ਲੋਕਾਂ ਨੂੰ ਇੱਕਠਾ ਕਰਨ ਵਿੱਚ, ਉਨ੍ਹਾਂ ਨੂੰ ਯੀਸ਼ੂ ਦੇ ਬਾਰੇ ਅਤੇ ਤੁਹਾਡੀ ਅਰਾਧਨਾ ਦੇ ਬਾਰੇ ਵੀ ਦੱਸਣ।''

ਇੱਕ ਵੱਡਾ ਬੱਚਾ ਜਾਂ ਅਧਿਆਪਕ ਪੜ੍ਹੇ ਜਾਂ ਫਿਲੱਪੀ ਦਰੋਗੇ ਦੀ ਕਹਾਣੀ ਵਿੱਚੋਂ ਯਾਦ ਕਰਕੇ ਦੱਸੇ, ਰਸੂਲਾਂ ਦੇ ਕਰਤਬ 16:22-36 ਵਿੱਚ। ਇਹ ਪਰਮੇਸ਼ਵਰ ਦੀ ਇੱਕ ਪਰਿਵਾਰਿਕ ਅਰਾਧਨਾ ਉਨ੍ਹਾਂ ਦੇ ਘਰਾਂ ਵਿੱਚ ਬਾਰੇ ਕਿਵੇ ਦੱਸਦੀ ਹ।?



ਇਹ ਕਹਾਣੀ ਸੁਣਾਉਣ ਤੋਂ ਬਾਦ, ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ। (ਹਰੇਕ ਪ੍ਰਸ਼ਨ ਦੇ ਬਾਦ ਉੱਤਰ ਦਿੱਤਾ ਗਿਆ ਹੈ)

- ਸਰਦਾਰਾਂ (ਜੱਜਾ) ਨੇ ਪੋਲੂਸ ਅਤੇ ਸਿਲਾਸ ਨਾਲ ਕਿਵੇਂ ਸਲੂਕ ਕੀਤਾ? *(ਆਇਤਾ 23-24)*
- ਪੋਲੂਸ ਅਤੇ ਸਿਲਾਸ ਅੱਧੀ ਰਾਤ ਦੇ ਵੇਲੇ ਕੈਦ ਵਿੱਚ ਕੀ ਕਰ ਰਹੇ ਸਨ? *(ਆਇਤ 25)*
- ਦਰੋਗਾ ਆਪਣੇ ਆਪ ਨੂੰ ਕਿਉਂ ਮਾਰ ਸੁੱਟਣਾ ਚਾਹਦਾ ਸੀ? *(ਆਇਤ 26-27)*
- ਦਰੋਗੇ ਨੇ ਆਪਣੇ ਆਪ ਅਤੇ ਆਪਣੇ ਪਰਿਵਾਰ ਵਾਸਤੇ ਮੁੱਕਤੀ ਨੂੰ ਕਿਵੇ ਲੱਭ ਲਿਆ? *(ਆਇਤ 31)*
- ਦਰੋਗਾ ਅਤੇ ਉਹਦੇ ਪਰਿਵਾਰ ਨੇ ਰਾਤ ਦੇ ਕਿਹੜੇ ਪਹਿਰ ਬਪਤਿਸਮਾ ਲਿਆ? *(ਆਇਤ 25 ਅਤੇ 32-34)*

ਦਰੋਗਾ ਅਤੇ ਉਹਦੇ ਪਰਿਵਾਰ ਦੀ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ।

- ਮੁੱਖ ਕਲੀਸੀਆਂ ਅਰਾਧਨਾ ਦੇ ਆਗੂਵੇ ਨਾਲ ਮਿਲ ਕੇ ਬੱਚਿਆਂ ਲਈ ਇਸ ਨਾਟਕ ਦਾ ਸਾਰ ਪੇਸ਼ ਕਰਨ ਦੀ ਤਿਆਰੀ ਕਰੋ।
- ਆਪਣੇ ਸਮੇਂ ਨੂੰ ਬੱਚਿਆਂ ਦਾ ਨਾਟਕ ਤਿਆਰ ਕਰਾਉਣ ਵਿੱਚ ਲਗਾਉ। ਤੁਹਾਨੂੰ ਸਾਰੇ ਹਿੱਸੇ ਕਰਨ ਦੀ ਜ਼ਰੂਰਤ ਨਹੀਂ ਹੈ।
- ਵੱਡੇ ਬੱਚੇ ਛੋਟਿਆਂ ਨੂੰ ਨਾਟਕ ਦੀ ਤਿਆਰੀ ਵਿੱਚ ਮੱਦਦ ਕਰਨ।
- ਵੱਡੇ ਬੱਚੇ ਜਾਂ ਬਾਲਿਗਾਂ ਇੰਨ੍ਹਾਂ ਹਿੱਸਿਆਂ ਨੂੰ ਕਰਨ

**ਪੋਲੂਸ**

ਦਰੋਗਾ ਇੱਕ ਡੋਰੀ ਲਵੇ, ਜਿਹੜੀ ਦੋ ਜ਼ਜ਼ੀਰਾਂ ਦਾ ਦਿਖਾਵਾ ਕਰੇ, ਅਤੇ ਕੁਝ ਅਜਿਹਾ ਵੀ ਲਏ ਜਿਹੜਾ ਕਿ ਤਲਵਾਰ ਵਾਂਗ ਦਿਖਾਵਾ ਕਰੇ।

**ਵਾਚਕ:** ਕਹਾਣੀ ਨੂੰ ਛੋਟਾ ਕਰਕੇ, ਅਤੇ ਕਿਤਾਬਾਂ ਨੂੰ ਇੱਕ ਦੇ ਉੱਤੇ ਇੱਕ ਰੱਖ ਕੇ, ਇੱਕ ਮੇਜ ਦੀ ਨੁੱਕਰ ਉੱਤੇ ਰੱਖੋ।

- ਛੋਟੇ ਬੱਚੇ ਇੰਨ੍ਹਾਂ ਹਿੱਸਿਆਂ ਨੂੰ ਕਰਨ, ਸਿਲਾਸ, ਸਰਦਾਰ, ਕੈਦੀ ਅਤੇ ਦਰੋਗੇ ਦਾ ਪਰਿਵਾਰ।

**ਵਾਚਕ:** ਰਸੂਲਾਂ ਦੇ ਕਰਤਬ 16:22-28 ਵਿੱਚ ਕਹਾਣੀ ਦੇ ਪਹਿਲੇ ਹਿੱਸੇ ਨੂੰ ਸੁਣਾਵੇ, ਫਿਰ ਆਖੇ, ਸੁੱਣੋ! ਸਰਦਾਰ (ਜੱਜ) ਕੀ ਆਖਦਾ ਹੈ।''

**ਸਰਦਾਰ** (ਜੱਜ) ''ਦਰੋਗਾ! ਪੋਲੂਸ ਅਤੇ ਸਿਲਾਸ ਨੂੰ ਕੈਦ ਵਿੱਚ ਪਾ ਦਿਉ। ਉਨ੍ਹਾਂ ਨੂੰ ਮਾਰੋ ਅਤੇ ਬੜੇ ਧਿਆਨ ਨਾਲ ਇੰਨ੍ਹਾਂ ਦੀ ਰਖਵਾਲੀ ਕਰੋ।''

**ਦਰੋਗਾ** :- ਉਨ੍ਹਾਂ ਦੇ ਗਿੱਟਿਆ ਦੇ ਆਲੇ ਦੁਆਲੇ ''ਜੰਜੀਰਾਂ'' ਨੂੰ ਪਾ ਦੇਵੇ (ਉਨ੍ਹਾਂ ਨੂੰ ਗੰਢਾਂ ਬੰਨਣ ਦੀ ਲੋੜ ਨਹੀ ਹੈ)। ਫਿਰ ਆਖੇ, ''ਮੈ ਇਨ੍ਹਾਂ ਨੂੰ ਬੰਨ ਕੇ ਅੰਦਰ ਪਾਸੇ ਪਾ ਦਿਆਗਾ, ਅਤੇ ਇੰਨ੍ਹਾਂ ਦੀ ਰੱਖਵਾਲੀ ਆਪਣੀ ਪੂਰੀ ਜਾਨ ਲਾ ਕੇ ਕਰਾਗਾ।''

**ਪੋਲੂਸ ਅਤੇ ਸੀਲਾਸ**: ਮੇਜ ਹੇਠਾਂ ਬੈਠ ਕੇ ਤੇ ਗੀਤ ਗਾਉਣ।

**ਦਰੋਗਾ**: ''ਭੁਚਾਲ!'' (ਮੇਜ ਨੂੰ ਹਿਲਾਏ, ਸੋ ਇਸ ਤਰ੍ਹਾਂ, ਇੱਟਾਂ ਜਾਂ ਕਿਤਾਬਾਂ ਹੇਠਾਂ ਡਿੱਗ ਜਾਣ)

**ਪੋਲੂਸ ਅਤੇ ਸੀਲਾਸ**: ਜੰਜ਼ੀਰਾਂ ਨੂੰ ਹਟਾ ਦੇਣ ਅਤੇ ਖੜੇ ਹੋ ਜਾਣ।

**ਕੈਦੀ**: ''ਅਸੀਂ ਅਜਾਦ ਹਾਂ। ਸਾਰੇ ਦਰਵਾਜੇ (ਬੂਹੇ) ਖੁੱਲੇ ਹਨ।''

**ਦਰੋਗਾ**: ਤਲਵਾਰ ਚੁੱਕ ਕੇ ਆਖੇ, ''ਉਹ ! ਨਹੀ ! ਸਾਰੇ ਕੈਦੀ ਭੱਜ ਗਏ। ਮੈ ਜਰੂਰ ਆਪਣੇ ਆਪ ਨੂੰ ਕਾਰ ਸੁੱਟਾਂਗਾ।''

**ਪੋਲੂਸ**:- ਚੀਕ ਕੇ। ਤੂੰ ਆਪਣੇ ਆਪਨੂੰ ਨਾ ਮਾਰ। ਅਸੀ ਸਾਰੇ ਇਥੇ ਹੀ ਹਾਂ।''

**ਵਾਚਕ**:- ਰਸੂਲਾਂ ਦੇ ਕਰਤਬ 16:29-33 ਵਿੱਚ ਕਹਾਣੀ ਦੇ ਦੂਜੇ ਹਿੱਸੇ ਨੂੰ ਸੁਣਾਵੇ, ਫਿਰ ਆਖੇ, ''ਸੁਣੋ ਦਰੋਗਾ ਕੀ ਆਖਦਾ ਹੈ?''

**ਦਰੋਗਾ**: ''ਰੋਸ਼ਨੀ ਲੈ ਕੇ ਆਉ। ਮੈ ਪੋਲੂਸ ਅਤੇ ਸੀਲਸ ਨੂੰ ਵੇਖਣਾ ਚਾਹੁੰਦਾ ਹਾਂ ''ਫਿਰ ਪੋਲੂਸ ਦੇ ਅੱਗੇ ਗੋਡੇ ਟੇਕ ਕੇ ਜੋਰ ਨਾਲ ਆਖੇ,'' ਮੈਨੂੰ ਬੱਚਣ ਵਾਸਤੇ ਕੀ ਕਰਨਾ ਚਾਹੀਦਾ ਹੈ?''

**ਪੋਲੂਸ**: ''ਪ੍ਰਭੂ ਯੀਸ਼ੂ ਮਸੀਹ ਵਿੱਚ ਵਿਸ਼ਵਾਸ ਕਰੋ, ਤੂੰ ਅਤੇ ਤੇਰਾ ਘਰਾਣਾ (ਪਰਿਵਾਰ) ਬੱਚ ਜਾਉਗੇ।''

**ਦਰੋਗਾ ਦਾ ਪਰਿਵਾਰ**: ''ਅਸੀਂ ਵੀ ਯੀਸ਼ੂ ਵਿੱਚ ਵਿਸ਼ਵਾਸ ਕਰਨਾ ਚਾਹੁੰਦੇ ਹਾਂ।''

**ਦਰੋਗਾ**: ''ਬੇਨਤੀ ਕਰਕੇ, ਮੈਨੂੰ ਤੁਹਾਡੇ ਜਖਮਾਂ ਨੂੰ ਸਾਫ ਕਰਨ ਦਿਉ।

ਫਿਰ ਅਸੀ ਸਾਰੇ, ਅੱਜ ਰਾਤ ਹੀ ਬਪਤਿਸਮਾ ਲੈ ਲਵਾਂਗੇ।''

**ਵਾਚਕ**: ''ਰਸੂਲਾਂ ਦੇ ਕਰਤਬ 16:34-36 ਵਿੱਚੋ ਕਹਾਣੀ ਦੇ ਤੀਸਰੇ ਹਿੱਸੇ ਨੂੰ ਸੁਣਾਵੇ, ਫਿਰ ਆਖੇ, ''ਦਰੋਗਾ, ਪੋਲੂਸ ਅਤੇ ਸੀਲਾਸ ਨੂੰ ਕੀ ਕਹਿੰਦਾ ਹੈ।''

**ਦਰੋਗਾ**:- ''ਮੈ ਆਨੰਦ ਵਿੱਚ ਭਰ ਗਿਆ ਹਾਂ, ਕਿਉਂਕਿ ਮੇਰੇ ਸਾਰੇ ਪਰਿਵਾਰ ਨੇ ਵਿਸ਼ਵਾਸ ਕਰ ਲਿਆ ਹੈ ਅਤੇ ਬਪਤਿਸਮਾ ਲੈ ਲਿਆ ਹੈ।

ਆਉ ''ਸਾਡੇ ਘਰ ਵਿੱਚ ਤੁਹਾਡੇ ਲਈ ਭੋਜਨ ਹੈ।''

**ਸਰਦਾਰ** (ਜੱਜ) ਮੇਜ ਉੱਤੇ ਮਾਰੇ ਅਤੇ ਆਖੇ, ''ਦਰੋਗਾ ਨਮਸਕਾਰ, ਤੂੰ ਪੋਲੂਸ ਅਤੇ ਸੀਲਾਸ ਨੂੰ ਹੁਣ ਜਾਣ ਲਈ ਅਜਾਦ ਕਰ ਦੇ।''

**ਦਰੋਗਾ**: ''ਭਰਾਉ, ਮੇਰੇ ਪਰਿਵਾਰ ਲਈ ਯੀਸ਼ੂ ਦੇ ਸੁੱਭ ਸਮਾਚਾਰ ਨੂੰ ਲੈ ਕੇ ਆਉਣ ਵਾਸਤੇ ਤੁਹਾਡਾ ਧੰਨਵਾਦ। ਸ਼ਾਂਤੀ ਨਾਲ ਜਾਉ।''

**ਵਾਚਕ ਜਾ ਵੱਡਾ ਬੱਚਾ**: ਜਦੋ ਨਾਟਕ ਖਤਮ ਹੋ ਜਾਵੇ ਤੱਦ ਸਭ ਦਾ ਧੰਨਵਾਦ ਕਰੋ, ਜਿੰਨ੍ਹਾਂ ਨੇ ਇਸ ਵਿੱਚ ਮੱਦਦ ਕੀਤੀ ਹੈ।

**ਪ੍ਰਸ਼ਨ**:- ਜੇ ਬੱਚੇ ਇਹ ਨਾਟਕ ਬਾਲਿਗਾਂ ਵਾਸਤੇ ਤਿਆਰ ਕਰਨ ਤੇ ਉਹ ਉਨ੍ਹਾਂ ਬਾਲਿਗਾਂ ਕੋਲ ਉਹ ਪ੍ਰਸ਼ਨ ਪੁੱਛਣ, ਜਿਨ੍ਹਾਂ ਦਾ ਤੁਸੀ ਉੱਤੇ ਉੱਤਰ ਦਿੱਤਾ ਸੀ।

**ਬੱਚਿਆਂ ਕੋਲੋ ਪੁੱਛੋ**: ਹੋਰ ਕਿਹੜੀਆਂ ਉਦਾਹਰਣਾ ਅਤੇ ਤਰੀਕੇ ਹਨ, ਜਿੰਨ੍ਹਾਂ ਨਾਲ ਅਸੀਂ ਅਰਾਧਨਾ ਅਤੇ ਪਰਮੇਸ਼ਵਰ ਦੀ ਸੇਵਾ ਆਪਣੇ ਘਰਾ ਵਿੱਚ ਕਰ ਸਕਦੇ ਹਾਂ?

ਇੱਕ ਆਮ ਘਰ ਦੀ ਤਸਵੀਰ ਬਣਾਉ, ਜਿਹੜਾ ਕਿ ਬਿਲਕੁਲ ਤੁਹਾਡੇ ਕਸਬੇ ਦੀ ਤਰ੍ਹਾਂ ਹੈ। ਬੱਚਿਆਂ ਨੂੰ ਇਸ ਦੀ ਨਕਲ ਕਰਨ ਦਿਉ ਅਤੇ ਇਹ ਬਾਲਿਗਾਂ ਦੀ ਅਰਾਧਨਾ ਵੇਲੇ ਦਿਖਾ ਕੇ ਸਮਝਾਉ ਕਿ ਅਸੀਂ ਪਰਮੇਸ਼ਵਰ ਦੀ ਅਰਾਧਨਾ ਘਰ ਵਿੱਚ ਜਾਂ ਹਰੇਕ ਜਗ੍ਹਾਂ ਤੇ ਕਰ ਸਕਦੇ ਹਾਂ।



ਯਾਦ ਕਰੋ ਯਹੂੰਨਾ 4:24

ਕਵਿਤਾ :– ਤਿੰਨ ਬੱਚੇ, ਹਰੇਕ ਬੱਚਾ ਦੋ–ਦੋ ਆਇਤਾਂ ਜਬੂਰਾਂ 136–1–6 ਵਿੱਚੋ ਦੁਹਰਾਏ। ਸਾਰੇ ਸਮੂਹ ਨੂੰ ਆਖੋ ਕਿ ਹਰੇ ਕ ਆਇਤ ਦੇ ਬਾਦ ਇਹ ਦੁਹਰਾਉਣ'' ਉਸਦਾਂ ਪਿਆਰ ਸਦਾ ਤੀਕਰ ਹੈ।''

ਵੱਡੇ ਬੱਚੇ ਕਵਿਤਾਵਾਂ ਜਾਂ ਗੀਤ ਘਰ ਦੀਆਂ ਸਭਾਵਾਂ ਦੀ ਅਰਾਧਨਾ ਬਾਰੇ ਲਿਖਣ।

**ਪ੍ਰਾਥਨਾ** :– ''ਪਿਆਰੇ ਪਰਮੇਸ਼ਵਰ ਤੁਹਾਡਾ ਧੰਨਵਾਦ ਹੈ ਕਿ ਅਸੀਂ ਤੁਹਾਡੀ ਅਰਾਧਨਾ ਕਿਸੇ ਵੇਲੇ ਵੀ ਅਤੇ ਕਿਤੇ ਵੀ ਕਰ ਸਕਦੇ ਹਾਂ, ਇਹ ਜਿਆਦਾ ਜਰੂਰੀ ਨਹੀ ਹੈ ਕਿ ਜੇ ਸਾਡਾ ਸਮੂੰਹ ਛੋਟਾ ਹੈ। ਤੁਹਾਡਾ ਧੰਨਵਾਦ ਕਿ ਤੁਸੀਂ ਸਾਡੇ ਸਾਰੇ ਪਰਿਵਾਰ ਨੂੰ ਆਪਣੇ ਕੋਲ ਲੈ ਕੇ ਆਏ। ਸਾਡੀ ਮੱਦਦ ਕਰੋ ਕਿ ਅਸੀਂ ਤੁਹਾਡੀ ਅਰਾਧਨਾ ਪੂਰੇ ਦਿਲ ਨਾਲ ਕਰ ਸੱਕੀਏ।'

**ਜੇਕਰ ਅਜੇ ਤੱਕ ਤੁਸੀ ਬੱਚਿਆਂ ਨੂੰ ਨਹੀ ਸਿਖਾਇਆ ਅਤੇ ਅਜੇ ਤੱਕ ਇਹ ਨਹੀ ਪੜ੍ਹਿਆਂ, ਤਾਂ**
**ਪੀ–ਟੀ– ਪੜ੍ਹਾਈ ਬੱਚਿਆਂ ਦੇ ਅਧਿਆਪਕ ਦੇ ਰਾਹੀਂ, ਸੂਚਕ, ਏ ਓ ਬੀ, ਹੁੱਣ ਬੇਨਤੀ ਕਰਕੇ ਇਹ ਕਰੋ।**

Copyright 2004 © by Paul-Timothy. May be freely copied. Download from www.Paul-Timothy.net